2024/1434
03/01/2024

# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ-0172-2212221

ਵੱਲ

(ਨੋਟਿਸ ਬੋਰਡ ਅਤੇ ਈ-ਮੇਲ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੰ),
ਸਮੂਹ ਸਕੂਲ ਮੁੱਖੀ
ਪੰਜਾਬ।

3/1/24

ਮੀਮੋ ਨੰ: SCERT-SDP01/32/2021-SDP-SCERT/156615/ 01-02/12-3
ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ, 02-01-2024

**ਵਿਸ਼ਾ: Pariksha Pe Charcha ਦੇ 7ਵੇਂ ਐਡੀਸ਼ਨ ਅਧੀਨ ਆਨਲਾਈਨ ਬਹੁ ਵਿਕਲਪੀ ਪ੍ਰਸ਼ਨ (MCQ) ਮੁਕਾਬਲਾ ਕਰਵਾਉਣ ਸੰਬੰਧੀ।**

ਹਵਾਲਾ :- Secretary, Department of School Education and Literacy, Ministry of Education, Government of India ਵੱਲੋਂ ਪ੍ਰਾਪਤ ਪੱਤਰ D.O. No. 6-10/2023-PMP-5 ਮਿਤੀ December 13, 2023 ਦੇ ਸੰਬੰਧ ਵਿੱਚ।

1.0 Pariksha Pe Charcha ਦਾ 7ਵਾਂ ਐਡੀਸ਼ਨ, ਮਾਨਯੋਗ ਪ੍ਰਧਾਨ ਮੰਤਰੀ, ਸ਼੍ਰੀ ਨਰੇਂਦਰ ਮੋਦੀ ਦਾ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨਾਲ ਵਿਲੱਖਣ ਇੰਟਰਐਕਟਿਵ ਪ੍ਰੋਗਰਾਮ ਹੈ ਜੋ ਕਿ ਜਨਵਰੀ-ਫਰਵਰੀ, 2024 ਵਿੱਚ ਟਾਊਨ ਹਾਲ ਫਾਰਮੇਟ ਵਿੱਚ ਤਾਲਕਟੋਰਾ ਸਟੇਡੀਅਮ ਨਵੀਂ ਦਿੱਲੀ ਵਿਖੇ ਆਯੋਜਿਤ ਕੀਤਾ ਜਾਵੇਗਾ।

2.0 ਇਹ ਸਮਾਗਮ ਪਿਛਲੇ ਛੇ ਸਾਲਾਂ ਤੋਂ ਸਿੱਖਿਆ ਮੰਤਰਾਲੇ ਦੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੁਆਰਾ ਸਫਲਤਾਪੂਰਵਕ ਆਯੋਜਿਤ ਕੀਤਾ ਜਾ ਰਿਹਾ ਹੈ।

3.0 Pariksha Pe Charcha ਵਿੱਚ ਸ਼ਾਮਿਲ ਹੋਣ ਵਾਲੇ ਭਾਗੀਦਾਰਾਂ ਨੂੰ ਰਜਿਸਟਰ ਕਰਨ ਅਤੇ ਚੁਣਨ ਲਈ ਮਿਤੀ 12 ਦਸੰਬਰ, 2023 ਤੋਂ 12 ਜਨਵਰੀ, 2024 ਤੱਕ 6ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਲਈ https://innovateindia.mygov.in/ppc-2024/ 'ਤੇ ਇੱਕ ਆਨਲਾਈਨ ਬਹੁ ਵਿਕਲਪੀ ਪ੍ਰਸ਼ਨ (MCQ) ਮੁਕਾਬਲਾ ਕਰਵਾਇਆ ਜਾ ਰਿਹਾ ਹੈ।

4.0 ਭਾਗੀਦਾਰਾਂ ਵੱਲੋਂ ਇੰਟਰਐਕਟਿਵ ਪ੍ਰੋਗਰਾਮ ਵਿੱਚ ਪੇਸ਼ ਹੋਣ ਵਾਲੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਸਾਰੇ ਭਾਗੀਦਾਰਾਂ ਨੂੰ ਡਾਇਰੈਕਟਰ, NCERT ਦੁਆਰਾ ਹਸਤਾਖਰਿਤ ਸਰਟੀਫਿਕੇਟ ਪ੍ਰਾਪਤ ਹੋਵੇਗਾ।

5.0 ਇਸ ਮੁਕਾਬਲੇ ਲਈ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਦੁਆਰਾ ਭੇਜੇ ਗਏ ਪ੍ਰਸ਼ਨਾਂ ਵਿੱਚੋਂ NCERT ਦੁਆਰਾ ਚੁਣਿੰਦਾ ਪ੍ਰਸ਼ਨ shortlist ਕੀਤੇ ਜਾਣਗੇ ਜੋ ਕਿ ਪ੍ਰੋਗਰਾਮ ਵਿੱਚ ਸ਼ਾਮਿਲ ਹੋ ਸਕਦੇ ਹਨ।

6.0 ਜਿਸ ਤਰ੍ਹਾਂ Pariksha Pe Charcha ਦੇ ਪਿਛਲੇ ਐਡੀਸ਼ਨਾਂ ਦੌਰਾਨ ਕੁੱਝ ਭਾਗੀਦਾਰਾਂ ਨੂੰ ਮੀਡੀਆ ਚੈਨਲਾਂ ਰਾਹੀਂ ਪ੍ਰੋਗਰਾਮ ਵਿੱਚ ਆਉਣ ਲਈ ਸੱਦਾ ਦਿੱਤਾ ਜਾਂਦਾ ਰਿਹਾ ਹੈ, ਉਸੇ ਤਰਾਂ ਇਸ ਸਾਲ ਵੀ ਚੁਣੇ ਹੋਏ ਕੁਝ ਲੋਕਾਂ ਨੂੰ ਮੀਡੀਆ ਨਾਲ ਗੱਲਬਾਤ ਕਰਨ ਦਾ ਮੌਕਾ ਮਿਲੇਗਾ।

7.0 ਆਪ ਵੱਲੋਂ Pariksha Pe Charcha ਵਿੱਚ ਭਾਗ ਲੈਣ ਸੰਬੰਧੀ ਜਾਣਕਾਰੀ ਦਫਤਰਾਂ/ਸਕੂਲਾਂ/ ਸੰਸਥਾਵਾਂ ਦੀਆਂ ਅਧਿਕਾਰਤ ਵੈੱਬਸਾਈਟਾਂ ਤੇ, ਸਾਰੇ ਅਧੀਨ ਦਫਤਰਾਂ ਵਿੱਚ ਪ੍ਰਮੁੱਖ ਸਥਾਨਾਂ,ਸਾਰੇ ਸਕੂਲਾਂ ਅਤੇ ਹੋਰ ਸੰਸਥਾਵਾਂ ਵਿੱਚ ਪ੍ਰਮੁੱਖ ਸਥਾਨਾਂ ਆਦਿ ਤੇ, display ਕੀਤੀ ਜਾਵੇ।

8.0 ਪ੍ਰੀਖਿਆ ਦੇ ਤਣਾਅ ਨੂੰ ਘਟਾਉਣ ਲਈ ਮਾਨਯੋਗ ਪ੍ਰਧਾਨ ਮੰਤਰੀ ਦੀ ਇਸ ਮਹੱਤਵਪੂਰਨ ਪਹਿਲਕਦਮੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਈਮੇਲ, ਸੋਸ਼ਲ ਮੀਡੀਆ ਅਤੇ ਹੋਰ ਨਵੀਨਤਾਕਾਰੀ ਉਪਾਅ ਕੀਤੇ ਜਾਣ ਅਤੇ ਸਕੂਲਾਂ ਰਾਹੀਂ ਸਾਰੇ ਮਾਪਿਆਂ ਵਿਦਿਆਰਥੀਆਂ ਨੂੰ ਭੇਜੇ ਜਾਣ/।

9.0 ਆਪ ਵੱਲੋਂ ਸਕੂਲਾਂ ਨੂੰ ਆਪਣੇ ਸੋਸ਼ਲ ਮੀਡੀਆ ਹੈਂਡਲ ਅਤੇ #PPC2024 ਦੀ ਵਰਤੋਂ ਕਰਨ ਲਈ, ਈਵੈਂਟ ਦੀਆਂ ਆਪਣੀਆਂ ਤਿਆਰੀਆਂ ਦੇ ਨਾਲ, ਈਵੈਂਟ ਦਾ ਪ੍ਰਸਾਰ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ।

10.0 ਸਕੂਲ ਆਪਣੇ ਖੁਦ ਦੇ ਪੋਸਟਰ/ਰਚਨਾਤਮਕ/ਵੀਡੀਓਜ਼ ਆਦਿ ਬਣਾਕੇ ਪੋਸਟ ਕਰ ਸਕਦੇ ਹਨ। ਇਹਨਾਂ ਵਿੱਚੋਂ ਚੁਣੀਆਂ ਗਈਆਂ ਰਚਨਾਵਾਂ/ਵੀਡੀਓਜ਼ ਨੂੰ MyGov ਪਲੇਟਫਾਰਮ 'ਤੇ ਪ੍ਰਦਰਸ਼ਿਤ ਕੀਤਾ ਜਾਵੇਗਾ।

11.0 ਆਪ ਵੱਲੋਂ ਆਪਣੇ ਅਧੀਨ ਪੈਂਦੇ ਸਾਰੇ ਸਹਾਇਤਾ ਪ੍ਰਾਪਤ ਸਕੂਲਾਂ, ਸਰਕਾਰੀ, ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੁਆਰਾ ਇਸ ਈਵੈਂਟ ਲਈ ਚੁਣੇ ਜਾਣ ਦੇ ਮੌਕੇ ਦਾ ਲਾਭ ਉਠਾਉਣ ਲਈ ਮਿਤੀ 12 ਦਸੰਬਰ, 2023 ਤੋਂ 12 ਜਨਵਰੀ, 2024 ਤੱਕ https://innovateindia.mygov.in/ppc-2024/ 'ਤੇ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਯਕੀਨੀ ਬਣਾਈ ਜਾਵੇ।

ਡਾਇਰੈਕਟਰ

ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ. ਉਕਤ/03-06/4-7 ਮਿਤੀ:- ਐਸ.ਏ.ਐਸ. ਨਗਰ, 02-01-2024

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪ੍ਰੰਸਕੱਤਰ .ਏ. ਸਕੂਲ ਸਿੱਖਿਆ, ਪੰਜਾਬ,
2. ਪੀ .ਏ.ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ
3. ਪੀ ਟੂ .ਏ.ਡੀ.ਈ.ਐਸ.ਜੀ., ਪੰਜਾਬ,
4. ਪੀ.ਏ .ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ(ਐਸਿ/ਸੈਸਿ) , ਪੰਜਾਬ।

ਸਹਾਇਕ ਡਾਇਰੈਕਟਰ

ਐਸ.ਸੀ.ਈ.ਆਰ.ਟੀ. ਪੰਜਾਬ।